

# CARE ਐਕਟ

## ਭਾਈਚਾਰਕ ਸਹਾਇਤਾ, ਰਿਕਵਰੀ, ਅਤੇ ਸਸ਼ਕਤੀਕਰਨ ਐਕਟ

### ਯੋਗਤਾ ਮਾਪਦੰਡ

**CARE ਐਕਟ** ਵਿਸ਼ੇਸ਼ ਬਾਲਗ ਵਿਅਕਤੀਆਂ ਨੂੰ ਇੱਕ ਸਵੈ-ਇੱਛਤ CARE ਸਮਝੌਤਾ ਜਾਂ ਅਦਾਲਤ ਦੁਆਰਾ ਆਦੇਸ਼ ਦਿੱਤੀ ਗਈ CARE ਯੋਜਨਾ ਬਣਾਉਣ ਲਈ ਸਿਵਲ ਅਦਾਲਤ ਵਿੱਚ ਪਟੀਸ਼ਨ ਦਾਇਰ ਕਰਨ ਦਾ ਅਧਿਕਾਰ ਦਿੰਦਾ ਹੈ ਜਿਸ ਵਿੱਚ ਇਲਾਜ ਨਾ ਕੀਤੇ ਗਏ ਸਕਿਜ਼ੋਫਰੀਨੀਆ ਅਤੇ ਹੋਰ ਮਾਨਸਿਕ ਰੋਗਾਂ ਵਾਲੇ ਵਿਅਕਤੀਆਂ ਲਈ ਇਲਾਜ, ਰਿਹਾਇਸ਼ੀ ਸਰੋਤ ਅਤੇ ਹੋਰ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ।

## ਯੋਗਤਾ ਮਾਪਦੰਡ

- 18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਿਅਕਤੀ ਜਿਨ੍ਹਾਂ ਵਿੱਚ ਸਕਿਜ਼ੋਫਰੀਨੀਆ ਸਪੈਕਟ੍ਰਮ ਜਾਂ ਹੋਰ ਮਾਨਸਿਕ ਰੋਗਾਂ ਦੀ ਤਸ਼ਖੀਸ ਹੋਈ ਹੈ,
- ਉਸ ਵਿਅਕਤੀ ਦੇ ਲੱਛਣ ਗੰਭੀਰ ਦਰਜੇ ਦੇ ਅਤੇ ਲੰਬੇ ਸਮੇਂ ਤੱਕ ਬਣੇ ਰਹਿਣ ਵਾਲੇ ਹੁੰਦੇ ਹਨ, ਜੋ ਵਿਵਹਾਰਕ ਕੰਮਾਂ-ਕਾਜਾਂ ਨੂੰ ਪ੍ਰਭਾਵਿਤ ਕਰਦੇ ਹਨ, ਜੋ ਰੋਜ਼ਾਨਾ ਜੀਵਨ ਦੇ ਮੁੱਖ ਕੰਮਾਂ (ਜਿਵੇਂ ਕਿ ਨਿੱਜੀ ਦੇਖਭਾਲ ਨਾਲ ਸੰਬੰਧਿਤ ਬੁਨਿਆਦੀ ਕੰਮ) ਵਿੱਚ ਬਹੁਤ ਵੱਡੀ ਰੁਕਾਵਟ ਪੈਦਾ ਕਰਦੇ ਹਨ, ਅਤੇ ਜਿਸਦੇ ਨਤੀਜੇ ਵਜੋਂ ਲੰਬੇ ਜਾਂ ਅਨਿਸ਼ਚਿਤ ਸਮੇਂ ਲਈ ਇਲਾਜ, ਸਹਾਇਤਾ ਅਤੇ ਮੁੜ ਵਸੇਬੇ ਤੋਂ ਬਿਨਾਂ ਸਥਿਰ ਅਨੁਕੂਲਤਾ ਅਤੇ ਸੁਤੰਤਰ ਕਾਰਜਸ਼ੀਲਤਾ ਬਣਾਈ ਰੱਖਣ ਵਿੱਚ ਅਸਮਰੱਥਾ ਹੋ ਸਕਦੀ ਹੈ,
- ਵਿਅਕਤੀ ਚੱਲ ਰਹੇ ਸਵੈ-ਇੱਛਤ ਆਊਟਪੇਸ਼ੈਂਟ ਇਲਾਜ ਨਾਲ ਮੁੱਢਲੇ ਤੌਰ 'ਤੇ ਠੀਕ ਨਹੀਂ ਹੋਇਆ ਹੈ,
- ਜਾਂ ਤਾਂ ਵਿਅਕਤੀ ਦੀ ਭਾਈਚਾਰਾਰਕ ਜੀਵਨ ਵਿੱਚ ਸੁਰੱਖਿਅਤ/ਆਜ਼ਾਦ ਤੌਰ ‘ਤੇ ਜ਼ਿੰਦਗੀ ਬਚਣ ਦੀ ਸੰਭਾਵਨਾ ਨਹੀਂ ਹੈ (ਜਿਵੇਂ ਕਿ ਨਿੱਜੀ ਸੁਰੱਖਿਆ, ਸਵੱਛਤਾ, ਖੁਰਾਕ, ਸਿਹਤ, ਅਤੇ/ਜਾਂ ਨਿਗਰਾਨੀ ਤੋਂ ਬਿਨਾਂ ਜ਼ਰੂਰੀ ਸੰਬੰਧਾਂ ਨੂੰ ਬਣਾਈ ਰੱਖਣਾ) ਅਤੇ ਹਾਲਤ ਖਰਾਬ ਹੋ ਰਹੀ ਹੈ ਜਾਂ ਦੁਬਾਰਾ ਹਾਲਤ ਖਰਾਬ ਹੋਣ **ਜਾਂ** ਵਿਗੜਨ ਤੋਂ ਰੋਕਣ ਲਈ ਸੇਵਾਵਾਂ ਅਤੇ ਸਹਾਇਤਾ ਦੀ ਲੋੜ ਹੁੰਦੀ ਹੈ,
- CARE ਐਕਟ ਵਿੱਚ ਭਾਗੀਦਾਰੀ ਸਭ ਤੋਂ ਘੱਟ ਪਾਬੰਦੀਸ਼ੁਦਾ ਵਿਕਲਪ ਹੈ, **ਅਤੇ**
- ਵਿਅਕਤੀ ਨੂੰ CARE ਯੋਜਨਾ ਜਾਂ CARE ਇਕਰਾਰਨਾਮੇ ਵਿੱਚ ਭਾਗ ਲੈਣ ਨਾਲ ਲਾਭ ਹੋਣ ਦੀ ਸੰਭਾਵਨਾ ਹੈ।

## CARE -ਯੋਗ ਤਸ਼ਖੀਸ

**ਸਕਿਜ਼ੋਫਰੀਨੀਆ ਸਪੈਕਟ੍ਰਮ ਵਿਕਾਰ ਵਿੱਚ ਸ਼ਾਮਲ ਹਨ:**
ਸਕਿਜ਼ੋਫਰੀਨੀਆ, ਸਕਿਜ਼ੋਫੇਕਟਿਵ ਵਿਕਾਰ, ਸਕਿਜ਼ੋਫ੍ਰੈਨੀਫਾਰਮ ਵਿਕਾਰ, ਹੋਰ ਨਿਰਧਾਰਤ ਸਕਿਜ਼ੋਫਰੀਨੀਆ ਸਪੈਕਟ੍ਰਮ ਅਤੇ ਹੋਰ ਮਾਨਸਿਕ ਵਿਕਾਰ, ਅਨਿਸ਼ਚਿਤ ਸਕਿਜ਼ੋਫਰੀਨੀਆ ਸਪੈਕਟ੍ਰਮ ਅਤੇ ਹੋਰ ਮਾਨਸਿਕ ਵਿਕਾਰ।

**ਹੋਰ ਮਾਨਸਿਕ ਵਿਕਾਰਾਂ ਵਿੱਚ ਸ਼ਾਮਲ ਹਨ:**

ਛੋਟੇ ਸਮੇਂ ਵਾਲੇ ਮਨੋਵਿਗਿਆਨਕ ਵਿਕਾਰ, ਭੁਲੇਖੇ ਵਾਲਾ ਵਿਕਾਰ, ਸਕਿਜ਼ੋਟਾਈਪਲ ਪਰਸਨੈਲਿਟੀ ਵਿਕਾਰ, ਨਸ਼ੀਲੇ ਦਵਾਈ ਲੈਣ ਸੰਬੰਧੀ ਮਾਨਸਿਕ ਵਿਕਾਰ, ਕਿਸੇ ਹੋਰ ਮਾਨਸਿਕ ਵਿਕਾਰ ਨਾਲ ਜੁੜਿਆ ਕੈਟਾਟੋਨੀਆ, ਅਣ-ਨਿਰਧਾਰਤ ਕੈਟਾਟੋਨੀਆ।

**ਮਨੋਵਿਗਿਆਨਕ ਤਸ਼ਖੀਸਾਂ ਜੋ ਯੋਗਤਾ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰਦੇ: ***

- ਕਿਸੇ ਸਧਾਰਨ ਡਾਕਟਰੀ ਅਵਸਥਾ ਦੇ ਕਾਰਨ ਮਾਨਸਿਕ ਵਿਕਾਰ
- ਕੈਟਾਟੋਨੀਆ ਕਿਸੇ ਹੋਰ ਡਾਕਟਰੀ ਅਵਸਥਾ ਨਾਲ ਜੁੜਿਆ ਹੋਇਆ ਹੈ
- ਮਾਨਸਿਕ ਲੱਛਣਾਂ ਦੇ ਨਾਲ ਬਹੁਤ ਜ਼ਿਆਦਾ ਉਦਾਸੀਨਤਾ
- ਮਾਨਸਿਕ ਲੱਛਣਾਂ ਦੇ ਨਾਲ ਬਾਈਪੋਲਰ ਵਿਕਾਰ
- ਕੋਈ ਹੋਰ ਨਸ਼ੀਲੇ ਪਦਾਰਥ-ਸੰਬੰਧੀ ਵਿਕਾਰ ਜੋ ਉੱਪਰ ਸੂਚੀਬੱਧ ਨਹੀਂ ਹੈ

* *ਇਸ ਤੋਂ ਬਿਨਾ ਜਦੋਂ ਉੱਪਰ ਸੂਚੀਬੱਧ ਕਿਸੇ ਹੋਰ ਤਸ਼ਖੀਸ ਦੇ ਨਾਲ ਹੋਵੇ*

DHCS
CALIFORNIA DEPARTMENT OF HEALTH CARE SERVICES

## ਸਕਿਜ਼ੋਫਰੀਨੀਆ ਅਤੇ ਸੰਬੰਧਿਤ ਵਿਕਾਰ ਕੀ ਹਨ?

### ਸਕਿਜ਼ੋਫਰੀਨੀਆ:

ਸਕਿਜ਼ੋਫਰੀਨੀਆ ਇੱਕ ਮਾਨਸਿਕ ਵਿਕਾਰ ਹੈ ਜਿਸਦੀ ਤਸ਼ਖ਼ੀਸ ਇੱਕ ਲਾਇਸੰਸਸ਼ੁਦਾ ਸਿਹਤ ਦੇਖਭਾਲ ਪੇਸ਼ੇਵਰ ਰਾਹੀਂ ਡਾਇਗਨੋਸਟਿਕ ਅਤੇ ਸਟੈਟਿਸਟਿਕਲ ਮੈਨੂਅਲ (DSM-5TR) ©- ਵਿੱਚ ਸ਼ਾਮਲ ਮਾਪਦੰਡਾਂ ਦੇ ਅਧਾਰ 'ਤੇ ਕੀਤੀ ਜਾਂਦੀ ਹੈ - ਅਤੇ ਇਹਨਾਂ ਨੂੰ ਹੇਠ ਲਿਖੇ ਖੇਤਰਾਂ ਵਿੱਚ ਗੰਭੀਰ ਅਤੇ ਨਿਰੰਤਰ ਲੱਛਣਾਂ ਦੁਆਰਾ ਪਰਿਭਾਸ਼ਿਤ ਕੀਤਾ ਜਾਂਦਾ ਹੈ:

- ਭੁਲੇਖੇ
- ਵਹਿਮ
- ਅਨਿਯਮਿਤ ਸੋਚ
- ਪੂਰੀ ਤਰ੍ਹਾਂ ਅਨਿਯਮਿਤ ਜਾਂ ਅਸਧਾਰਨ ਹਰਕਤਾਂ ਜਾਂ ਕੰਮ
- ਨਕਾਰਾਤਮਕ ਲੱਛਣ - ਜਿਵੇਂ ਕਿ ਸੀਮਤ ਭਾਵਨਾਵਾਂ, ਉਦਾਸੀਨਤਾ, ਗਲਤ ਫੈਸਲਾ ਲੈਣਾ, ਬੁਨਿਆਦੀ ਕੰਮਾਂ ਨੂੰ ਪੂਰਾ ਕਰਨ ਵਿੱਚ ਮੁਸ਼ਕਿਲ, ਜਾਂ ਸਮਾਜ ਤੋਂ ਦੂਰ ਰਹਿਣਾ।

ਸਕਿਜ਼ੋਫਰੀਨੀਆ ਦੇ ਮਾਪਦੰਡਾਂ ਨੂੰ ਪੂਰਾ ਕਰਨ ਲਈ, ਲੱਛਣ ਲਾਜ਼ਮੀ ਤੌਰ 'ਤੇ ਸਮਾਜਿਕ ਜਾਂ ਪੇਸ਼ੇਵਰ ਕਾਰਜਸ਼ੀਲਤਾ ਵਿੱਚ ਰੁਕਾਵਟ ਨਾਲ ਜੁੜੇ ਹੋਣੇ ਚਾਹੀਦੇ ਹਨ, ਘੱਟੋ ਘੱਟ 6 ਮਹੀਨਿਆਂ ਦੀ ਮਿਆਦ ਹੋਣੀ ਚਾਹੀਦੀ ਹੈ, ਅਤੇ ਜੋ ਕਿਸੇ ਹੋਰ ਮਾਨਸਿਕ ਜਾਂ ਸਰੀਰਕ ਵਿਕਾਰ ਕਾਰਨ ਨਹੀਂ ਹੋ ਸਕਦੀ।

### ਸੰਬੰਧਿਤ ਵਿਕਾਰ:

ਹੋਰ ਸਕਿਜ਼ੋਫਰੀਨੀਆ ਸਪੈਕਟ੍ਰਮ ਵਿਕਾਰ ਸਕਿਜ਼ੋਫਰੀਨੀਆ ਦੀਆਂ ਕੁਝ ਸਮਾਨ ਵਿਸ਼ੇਸ਼ਤਾਵਾਂ ਨੂੰ ਸਾਂਝਾ ਕਰਦੇ ਹਨ ਪਰ ਹੋ ਸਕਦਾ ਹੈ ਕਿ ਉਹ ਉਸ ਤਸ਼ਖ਼ੀਸ ਲਈ ਸਾਰੇ ਮਾਪਦੰਡਾਂ ਨੂੰ ਪੂਰਾ ਨਾ ਕਰਨ ਜਾਂ ਕਿਸੇ ਵੱਖਰੇ ਵਿਕਾਰ ਦੁਆਰਾ ਬਿਹਤਰ ਵਰਣਨ ਕੀਤੇ ਜਾਣ।

## ਜਾਣਕਾਰੀ ਸਰੋਤ

[ਕੈਲੀਫੋਰਨੀਆ ਦੀ ਜੁਡੀਸ਼ੀਅਲ ਕੌਂਸਲ ਦੀ CARE ਐਕਟ ਦੀ ਵੈੱਬਸਾਈਟ]

[CARE ਐਕਟ ਤੱਥ ਸ਼ੀਟ (ਮਾਰਚ 2023)]

[CARE ਐਕਟ ਦੀਆਂ ਸ਼ਰਤਾਂ ਦੀ ਸ਼ਬਦਾਵਲੀ]

## CARE ਐਕਟ ਯੋਗਤਾ ਮਾਪਦੰਡ

[ਭਲਾਈ ਸੰਸਥਾਵਾਂ ਕੋਡ § 5972]

ਕੋਈ ਵਿਅਕਤੀ CARE ਪ੍ਰਕਿਰਿਆ ਵਾਸਤੇ ਕੇਵਲ ਤਾਂ ਹੀ ਯੋਗ ਹੋ ਸਕਦਾ ਹੈ ਜੇ ਹੇਠ ਲਿਖੀਆਂ ਸਾਰੀਆਂ ਗੱਲਾਂ ਸਹੀ ਹੋਣ:

(a) ਵਿਅਕਤੀ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੈ।

(b) ਵਿਅਕਤੀ ਇਸ ਸਮੇਂ ਕਿਸੇ ਗੰਭੀਰ ਮਾਨਸਿਕ ਬਿਮਾਰੀ ਦਾ ਅਨੁਭਵ ਕਰ ਰਿਹਾ ਹੈ, ਜਿਵੇਂ ਕਿ ਧਾਰਾ 5600.3 ਦੀ ਸਬ-ਡਵੀਜ਼ਨ (b) ਦੇ ਪੈਰਾ (2) ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ ਅਤੇ ਉਸਦੀ ਪਛਾਣ ਵਿਕਾਰ ਸ਼੍ਰੇਣੀ ਵਿੱਚ ਕੀਤੀ ਗਈ ਹੈ: ਸਕਿਜ਼ੋਫਰੀਨੀਆ ਸਪੈਕਟ੍ਰਮ ਅਤੇ ਹੋਰ ਮਾਨਸਿਕ ਵਿਕਾਰ, ਜਿਵੇਂ ਕਿ ਮਾਨਸਿਕ ਵਿਕਾਰ ਦੇ ਡਾਇਗਨੋਸਟਿਕ ਅਤੇ ਸਟੈਟਿਸਟਿਕਲ ਮੈਨੂਅਲ ਦੇ ਸਭ ਤੋਂ ਨਵੀਨਤਮ ਸੰਸਕਰਣ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਭਾਗ ਕਿਸੇ ਮਾਨਸਿਕ ਵਿਕਾਰ ਦੇ ਅਧਾਰ 'ਤੇ ਉੱਤਰਦਾਤਾ ਯੋਗਤਾ ਸਥਾਪਤ ਨਹੀਂ ਕਰਦਾ ਜੋ ਕਿਸੇ ਡਾਕਟਰੀ ਅਵਸਥਾ ਦੇ ਕਾਰਨ ਹੈ ਜਾਂ ਮੁੱਖ ਤੌਰ 'ਤੇ ਪ੍ਰਕਿਰਤੀ ਵਿੱਚ ਮਨੋਵਿਗਿਆਨਕ ਨਹੀਂ ਹੈ, ਜਿਸ ਵਿੱਚ ਸਰੀਰਕ ਸਿਹਤ ਦੀਆਂ ਸਥਿਤੀਆਂ ਜਿਵੇਂ ਕਿ ਦੁੱਖਦਾਈ ਦਿਮਾਗ ਦੀ ਸੱਟ, ਆਟਿਜ਼ਮ, ਡਿਮੇਨਸ਼ੀਆ, ਜਾਂ ਨਿਊਰੋਲੋਜੀਕਲ ਸਥਿਤੀਆਂ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹਨ ਉਹ ਵਿਅਕਤੀ ਜਿਸ ਕੋਲ ਸਿਹਤ ਅਤੇ ਸੁਰੱਖਿਆ ਕੋਡ ਦੀ ਧਾਰਾ 1374.72 ਦੀ ਸਬ-ਡਵੀਜ਼ਨ (a) ਦੇ ਪੈਰਾ (2) ਵਿੱਚ ਪਰਿਭਾਸ਼ਿਤ ਕੀਤੇ ਅਨੁਸਾਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਵਿਕਾਰ ਦੀ ਆਧੁਨਿਕ ਤਸ਼ਖ਼ੀਸ ਹੈ, ਪਰ ਜੋ ਇਸ ਧਾਰਾ ਵਿੱਚ ਲੋੜੀਂਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦਾ ਹੈ, ਉਹ CARE ਪ੍ਰਕਿਰਿਆ ਲਈ ਯੋਗਤਾ ਪੂਰੀ ਨਹੀਂ ਕਰ ਸਕੇਗਾ।

c) ਵਿਅਕਤੀ ਨੂੰ ਚੱਲ ਰਹੇ ਸਵੈ-ਇੱਛਤ ਇਲਾਜ ਵਿੱਚ ਕਲਿਨਕੀ ਤੌਰ 'ਤੇ ਮੁੱਢਲੇ ਇਲਾਜ ਨਾਲ ਠੀਕ ਨਹੀਂ ਕੀਤਾ ਗਿਆ ਹੈ।

d) ਹੇਠ ਦਿੱਤਿਆਂ ਵਿੱਚੋਂ ਘੱਟੋ ਘੱਟ ਇੱਕ ਸਹੀ ਹੈ:

(1) ਵਿਅਕਤੀ ਦੇ ਨਿਗਰਾਨੀ ਤੋਂ ਬਿਨਾਂ ਭਾਈਚਾਰੇ ਵਿੱਚ ਸੁਰੱਖਿਅਤ ਢੰਗ ਨਾਲ ਬਚਣ ਦੀ ਸੰਭਾਵਨਾ ਨਹੀਂ ਹੈ ਅਤੇ ਵਿਅਕਤੀ ਦੀ ਹਾਲਤ ਕਾਫ਼ੀ ਵਿਗੜ ਰਹੀ ਹੈ।

(2) ਵਿਅਕਤੀ ਨੂੰ ਸੇਵਾਵਾਂ ਅਤੇ ਸਹਾਇਤਾ ਦੀ ਲੋੜ ਹੁੰਦੀ ਹੈ ਤਾਂ ਜੋ ਦੁਬਾਰਾ ਹਾਲਤ ਖਰਾਬ ਹੋਣ ਜਾਂ ਵਿਗੜਨ ਨੂੰ ਰੋਕਿਆ ਜਾ ਸਕੇ ਜਿਸ ਦੇ ਨਤੀਜੇ ਵਜੋਂ ਵਿਅਕਤੀ ਜਾਂ ਹੋਰਨਾਂ ਨੂੰ ਗੰਭੀਰ ਅਪੰਗਤਾ ਜਾਂ ਗੰਭੀਰ ਨੁਕਸਾਨ ਹੋਣ ਦੀ ਸੰਭਾਵਨਾ ਹੋਵੇਗੀ, ਜਿਵੇਂ ਕਿ ਧਾਰਾ 5150 ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।

(e) ਕਿਸੇ CARE ਯੋਜਨਾ ਜਾਂ CARE ਇਕਰਾਰਨਾਮੇ ਵਿੱਚ ਭਾਗੀਦਾਰੀ ਵਿਅਕਤੀ ਦੀ ਮੁੜ ਸਿਹਤਯਾਬ ਹੋਣ ਅਤੇ ਠੀਕ ਹੋਣ ਨੂੰ ਯਕੀਨੀ ਬਣਾਉਣ ਲਈ ਲੋੜੀਂਦਾ ਘੱਟੋ ਘੱਟ ਪਾਬੰਦੀਸ਼ੁਦਾ ਵਿਕਲਪ ਹੋਵੇਗਾ।

(f) ਇਹ ਸੰਭਾਵਨਾ ਹੈ ਕਿ ਵਿਅਕਤੀ ਨੂੰ CARE ਯੋਜਨਾ ਜਾਂ CARE ਇਕਰਾਰਨਾਮੇ ਵਿੱਚ ਭਾਗ ਲੈਣ ਤੋਂ ਲਾਭ ਹੋਵੇਗਾ।

*ਚੁਣੇ ਗਏ ਹਾਈਪਰਲਿੰਕਸ ਸਿਰਫ਼ ਅੰਗਰੇਜ਼ੀ ਵਿੱਚ ਹੀ ਹੋ ਸਕਦੇ ਹਨ